**ਸ਼੍ਰੇਣੀ ਦਸਵੀਂ**

**4. ਪੰਜਾਬੀ**

**ਪੇਪਰ-ਬੀ**

**ਸਮਾਂ: 3 ਘੰਟੇ** **ਲਿਖਤੀ ਪੇਪਰ: 65 ਅੰਕ**

**ਸੀ.ਸੀ.ਈ.: 10 ਅੰਕ**

**ਕੁੱਲ: 75 ਅੰਕ**

**ਪਾਠ-ਕ੍ਰਮ**

ਪ੍ਰਸ਼ਨ:1 ਵਿਆਕਰਨ ਭਾਗ ਵਿੱਚੋਂ ਵਸਤੂਨਿਸ਼ਠ ਕਿਸਮ (Objective Type) ਦਾ ਪ੍ਰਸ਼ਨ ਹੋਵੇਗਾ।

ਪਸ਼ਨ:2 ਲੇਖ :

(ੳ) ਜੀਵਨੀਆਂ-ਮਹਾਂਪੁਰਖਾਂ/ਦੇਸ ਭਗਤਾਂ/ਇਤਿਹਾਸਿਕ ਅਤੇ ਸਾਹਿਤਿਕ ਵਿਅਕਤੀਆਂ ਦੀਆਂ ਜੀਵਨੀਆਂ।

(ਅ) ਪੇਂਡੂ ਅਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ (ਸਮਾਜਿਕ, ਆਰਥਿਕ ਅਤੇ ਸਿਹਤ ਨਾਲ਼ ਸੰਬੰਧਿਤ)।

(ੲ) ਮੇਲੇ/ਤਿਉਹਾਰ ਅਤੇ ਸੱਭਿਆਚਾਰਿਕ ਪੱਖਾਂ ਨਾਲ਼ ਸੰਬੰਧਿਤ।

(ਸ) ਵਿਦਿਆਰਥੀ ਜੀਵਨ ਦੇ ਪੱਖ/ਯਾਤਰਾਵਾਂ ਨਾਲ਼ ਸੰਬੰਧਿਤ।

(ਹ) ਵਿਗਿਆਨ ਅਤੇ ਵਿਗਿਆਨਿਕ ਚੇਤਨਾ ਨਾਲ਼ ਸੰਬੰਧਿਤ।

ਪ੍ਰਸ਼ਨ:3 ਚਿੱਠੀਆਂ/ਪੱਤਰ: ਨਿੱਜੀ; ਮਿੱਤਰਾਂ/ਸਹੇਲੀਆਂ, ਰਿਸ਼ਤੇਦਾਰਾਂ ਅਤੇ ਮਾਪਿਆਂ ਨੂੰ।
ਅਰਜ਼ੀਆਂ : ਸਰਕਾਰੀ/ਅਰਧ-ਸਰਕਾਰੀ/ਪ੍ਰਾਈਵੇਟ, ਅਦਾਰਿਆਂ ਨਾਲ਼ ਸੰਬੰਧਿਤ।

ਪ੍ਰਸ਼ਨ:4 ਸੰਖੇਪ ਪੈਰਾ : ਕਿਸੇ ਪੈਰੇ ਦੀ ਸੰਖੇਪ ਰਚਨਾ ਕਰਨਾ ਅਤੇ ਸਿਰਲੇਖ ਦੇਣਾ।

ਪ੍ਰਸ਼ਨ:5 ਅਣਡਿੱਠਾ ਪੈਰਾ : ਨਿਯਤ ਪਾਠ-ਪੁਸਤਕ ਦੇ ਬਾਹਰੋਂ ਦਿੱਤੇ ਪੈਰੇ ਵਿੱਚੋਂ ਪ੍ਰਸ਼ਨ ਪੁੱਛਣੇ।

ਪ੍ਰਸ਼ਨ:6 ਮੁਹਾਵਰੇ : ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ

ਪ੍ਰਸ਼ਨ:7 ਵਿਸਰਾਮ ਚਿੰਨ੍ਹਾਂ: ਵਿਸਰਾਮ ਚਿੰਨ੍ਹਾਂ ਦੀ ਵਰਤੋਂ

ਪ੍ਰਸ਼ਨ:8 (ੳ) ਵਿਆਕਰਨ : ਪਰਿਭਾਸ਼ਾ, ਮੰਤਵ, ਅੰਗ।
ਭਾਸ਼ਾ ਅਤੇ ਪੰਜਾਬੀ ਭਾਸ਼ਾ : ਪਰਿਭਾਸ਼ਾ, ਪੰਜਾਬੀ ਦੀਆਂ ਉਪ ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ।
(ਅ) ਧੁਨੀ ਅਤੇ ਪੰਜਾਬੀ ਧੁਨੀਆਂ : ਸ੍ਵਰ, ਵਿਅੰਜਨ, ਨਾਸਕੀ ਸ੍ਵਰ, ਨਾਸਕੀ ਵਿਅੰਜਨ

ਪ੍ਰਸ਼ਨ:9 ਲਿਪੀ ਅਤੇ ਗੁਰਮੁਖੀ ਲਿਪੀ: ਵਰਨ ਜਾਂ ਅੱਖਰ ਦੀਆਂ ਕਿਸਮਾਂ, ਮੁਕਤਾ, ਲਗਾਂ ਅਤੇ ਲਗਾਖਰ (ਬਿੰਦੀ, ਟਿੱਪੀ, ਅਧਕ)

ਪ੍ਰਸ਼ਨ:10 (ੳ) ਸ਼ਬਦ-ਬੋਧ : ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਿਕ ਦੀਆਂ ਪਰਿਭਾਸ਼ਾਵਾਂ।
(ਅ) ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ।

ਪ੍ਰਸ਼ਨ:11 ਲਿੰਗ ਅਤੇ ਵਚਨ ਬਦਲੋ।

ਪ੍ਰਸ਼ਨ:12 ਕਾਲ : ਕਿਸਮਾਂ, ਉਪਭੇਦ ਅਤੇ ਵਾਕ ਦਾ ਕਾਲ ਬਦਲਣਾ।

ਪ੍ਰਸ਼ਨ :13 ਅਰਥ-ਬੋਧ : ਬਹੁ-ਅਰਥਕ ਸ਼ਬਦ, ਸਮਾਨਾਰਥਕ ਸ਼ਬਦ, ਵਿਰੋਧਾਰਥਕ ਸ਼ਬਦ ਅਤੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ।

**ਵਿਸ਼ੇਸ਼ ਹਿਦਾਇਤਾਂ :**

ਪ੍ਰਸ਼ਨ 1: ਇਹ ਪ੍ਰਸ਼ਨ ਵਸਤੂਨਿਸ਼ਠ ਕਿਸਮ (Objective Type) ਦਾ ਹੋਵੇਗਾ।
(ਪ੍ਰਸ਼ਨ ਨੰ: 7,8,9,10,11,12,13 ਵਿੱਚੋਂ ਵਸਤੂਨਿਸ਼ਠ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ) **10**

ਪ੍ਰਸ਼ਨ 2: ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖਣ ਲਈ ਕਿਹਾ ਜਾਵੇਗਾ। 3 ਅੰਕ ਵਿਸ਼ਾ ਵਸਤੂ ਦੇ ਅਤੇ 7 ਅੰਕ ਪ੍ਰਗਟਾਅ-ਵਿਸ਼ਾ ਵਸਤੂ ਦੀ ਤਰਤੀਬ, ਸਪਸ਼ਟਤਾ, ਸ਼ਬਦਾਵਲੀ, ਮੁਹਾਵਰੇ ਆਦਿ ਦੇ ਹਨ। **10**

ਪ੍ਰਸ਼ਨ 3: ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ 'ਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। ਆਰੰਭ ਦੇ 2 ਅੰਕ, ਮੱਧ ਦੇ 4 ਅੰਕ ਅਤੇ ਅੰਤ ਦਾ 1 ਅੰਕ ਹੈ। **2+4+1=7**

ਪ੍ਰਸ਼ਨ 4: ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਨੂੰ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਨ ਲਈ ਕਿਹਾ ਜਾਵੇਗਾ। ਇਸ ਦਾ ਇੱਕ ਸਿਰਲੇਖ ਵੀ ਲਿਖਣਾ ਹੋਵੇਗਾ। ਸੰਖੇਪ ਰਚਨਾ ਦੇ 5 ਅੰਕ ਅਤੇ ਸਿਰਲੇਖ ਦਾ 1 ਅੰਕ ਹੈ। **5+1=6**

ਪ੍ਰਸ਼ਨ 5: ਨਿਯਤ ਪਾਠ - ਪੁਸਤਕਾਂ ਤੋਂ ਬਾਹਰੋਂ ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਦੇ ਵਿਸ਼ਾ - ਵਸਤੂ ਬਾਰੇ ਚਾਰ ਪ੍ਰਸ਼ਨ ਪੁੱਛੇ ਜਾਣਗੇ। **1+1+1+1= 4**

ਪ੍ਰਸ਼ਨ 6: ਦਸ ਮੁਹਾਵਰੇ ਦੇ ਕੇ ਕਿਸੇ ਪੰਜ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤਣ ਲਈ ਕਿਹਾ ਜਾਵੇਗਾ ਕਿ ਅਰਥ ਸਪਸ਼ਟ ਹੋ ਜਾਣ। ਵੱਖਰੇ ਅਰਥ ਨਹੀਂ ਪੁੱਛੇ ਜਾਣਗੇ। **2+2+2+2+2=10**

ਪ੍ਰਸ਼ਨ 7: ਇੱਕ ਅਜਿਹਾ ਪੈਰਾ ਜਾਂ ਕੁਝ ਵਾਕ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਛੇ ਵਿਸਰਾਮ ਚਿੰਨ੍ਹ ਲੱਗ ਸਕਦੇ ਹੋਣ, ਢੁਕਵੇਂ ਵਿਸਰਾਮ ਚਿੰਨ੍ਹ ਲਾਉਣ ਲਈ ਕਿਹਾ ਜਾਵੇਗਾ। **2**

ਪ੍ਰਸ਼ਨ 8: (ੳ) ਇਸ ਪ੍ਰਸ਼ਨ ਵਿੱਚ ਵਿਆਕਰਨ: ਪਰਿਭਾਸ਼ਾ, ਮੰਤਵ, ਅੰਗ; ਭਾਸ਼ਾ ਅਤੇ ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਬਾਰੇ ਤਿੰਨ ਬਹੁਤ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ ਪੁੱਛੇ ਜਾਣਗੇ। **1+1= 2**

(ਅ) ਧੁਨੀ ਅਤੇ ਪੰਜਾਬੀ ਧੁਨੀਆਂ: ਸ੍ਵਰ, ਵਿਅੰਜਨ, ਨਾਸਕੀ ਸ੍ਵਰ, ਨਾਸਕੀ ਵਿਅੰਜਨ ਬਾਰੇ ਪ੍ਰਸ਼ਨ ਪੁੱਛਿਆ ਜਾਵੇਗਾ। **1**

ਪ੍ਰਸ਼ਨ 9: ਲਿਪੀ ਅਤੇ ਗੁਰਮੁਖੀ ਲਿਪੀ: ਵਰਨ ਜਾਂ ਅੱਖਰ, ਮੁਕਤਾ, ਲਗਾਂ, ਬਿੰਦੀ, ਟਿੱਪੀ, ਅਧਕ ਦੀ ਵਰਤੋਂ ਬਾਰੇ ਬਹੁਤ ਛੋਟੇ ਉੱਤਰਾਂ ਵਾਲ਼ੇ ਦੋ ਪ੍ਰਸ਼ਨ ਪੁੱਛੇ ਜਾਣਗੇ। **2**

ਪ੍ਰਸ਼ਨ 10: (ੳ) ਦੋ ਸ਼ਬਦ-ਭੇਦ ਦੇ ਕੇ ਕਿਸੇ ਇੱਕ ਦੀ ਪਰਿਭਾਸ਼ਾ ਅਤੇ ਉਦਾਹਰਨ ਪੁੱਛੀ ਜਾਵੇਗੀ। (ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਿਕ ਦੀਆਂ ਪਰਿਭਾਸ਼ਾਵਾਂ)। **2**

(ਅ) ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ ਪੁੱਛੀਆਂ ਜਾਣਗੀਆਂ। **2**

ਪ੍ਰਸ਼ਨ 11: ਕੋਈ ਇੱਕ ਵਾਕ ਦੇ ਕੇ ਉਸ ਵਿਚਲੇ ਨਾਂਵ, ਪੜਨਾਂਵ ਸ਼ਬਦਾਂ ਦੇ ਵਚਨ ਤੇ ਲਿੰਗ ਬਦਲ ਕੇ ਦੋ ਵੱਖਰੇ-ਵੱਖਰੇ ਵਾਕਾਂ ਵਿੱਚ ਮੁੜ ਲਿਖਣ ਲਈ ਕਿਹਾ ਜਾਵੇਗਾ। **2**

ਪ੍ਰਸ਼ਨ 12: ਕੋਈ ਇੱਕ ਵਾਕ ਦੇ ਕੇ ਉਸ ਨੂੰ ਦੋ ਵੱਖ-ਵੱਖ ਕਾਲਾਂ ਵਿੱਚ ਬਦਲ ਕੇ ਮੁੜ ਲਿਖਣ ਲਈ ਕਿਹਾ ਜਾਵੇਗਾ। **2**

ਪ੍ਰਸ਼ਨ 13: (ੳ) ਇੱਕ ਬਹੁ-ਅਰਥਕ ਸ਼ਬਦ ਦੇ ਕੇ ਉਸ ਦੇ ਵੱਖਰੇ-ਵੱਖਰੇ ਅਰਥਾਂ ਨੂੰ ਸਪਸ਼ਟ ਕਰਨ ਲਈ ਉਸ ਨੂੰ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ।

(ਅ) ਇੱਕ ਸ਼ਬਦ ਦੇ ਕੇ ਉਸ ਦੇ ਸਮਾਨਾਰਥਕ ਸ਼ਬਦ ਲਿਖਣ ਲਈ ਕਿਹਾ ਜਾਵੇਗਾ।

(ੲ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਜਾਂ ਇੱਕ ਸ਼ਬਦ ਦੇ ਕੇ ਉਸ ਦਾ ਵਿਰੋਧੀ ਸ਼ਬਦ ਪੁੱਛਿਆ ਜਾਵੇਗਾ। **1+1+1=3**

**ਨਿਰਧਾਰਿਤ ਪਾਠ-ਪੁਸਤਕ: ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ**
**(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**